ਨੰ: 3/69/2011-3ਸਿ3/1966
ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਪ੍ਰਿੰਸੀਪਲ,
ਇੰਟਰਨੈਸ਼ਨਲ ਪਬਲਿਕ ਸਕੂਲ.
ਸੰਧੂ ਨਗਰ, ਲੁਧਿਆਣਾ।
ਮਿਤੀ: ਚੰਡੀਗੜ੍ਹ: 17-6-11

ਵਿਸ਼ਾ:- ਇੰਟਰਨੈਸ਼ਨਲ ਪਬਲਿਕ ਸਕੂਲ, ਸੰਧੂ ਨਗਰ, ਲੁਧਿਆਣਾ ਨੂੰ ਸੀ.ਬੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

--------

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਸਕੂਲ ਦੀ ਮੈਨੇਜਮੈਂਟ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਸਮੇਤ ਹਲਫੀਆਂ ਬਿਆਨ, ਜਿਲਾ ਸਿੱਖਿਆ ਅਫਸਰ (ਸੈ:ਸਿ:) ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਚੰਡੀਗੜ੍ਹ ਦੀਆਂ ਸਿਫਾਰਸ਼ਾਂ ਨੂੰ ਗਹੁ ਨਾਲ ਵਿਚਾਰਨ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਲੋੜੀਂਦਾ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾਂਦਾ ਹੈ:-

1. ਭਵਿੱਖ ਵਿਚ ਕਿਸੇ ਵੀ ਸ਼ਿਕਾਇਤ/ਇੰਸਪੈਕਸ਼ਨ ਹੋਣ ਤੇ ਜੇਕਰ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਆਪ ਵਲੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਮੇਂ ਸਰਕਾਰ ਨੂੰ ਗਲਤ ਸੂਚਨਾਂ ਦੇ ਅਧਾਰ ਤੇ ਦਰਖਾਸਤ ਦਿੱਤੀ ਗਈ ਹੈ ਅਤੇ ਜਾਂ ਪੰਜਾਬ ਸਰਕਾਰ ਵਲੋਂ ਸਮੇ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵਲੋਂ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਇਸ ਤਰਾਂ ਹਲਫੀਆ ਬਿਆਨ ਵਿੱਚ ਦਿੱਤੀਆਂ ਲਿਖਤੀ ਸ਼ਰਤਾਂ ਨੂੰ ਨਹੀਂ ਮੰਨਿਆ ਜਾਂਦਾ ਰਿਹਾ, ਤਾਂ ਅਜਿਹੇ ਹਾਲਤ ਵਿਚ ਕਿਸੇ ਵੀ ਸਮੇਂ ਇਹ ਇਤਰਾਜਹੀਣਤਾ ਸਰਟੀਫਿਕੇਟ ਵਾਪਸ ਲਿਆ ਜਾ ਸਕਦਾ ਹੈ।

2. ਆਪ ਦੇ ਸਕੂਲ ਵਿਚ ਪੰਜਾਬੀ ਨੂੰ ਪੜ੍ਹਾਉਣਾ ਦਸਵੀਂ ਪੱਧਰ ਤੱਕ ਲਾਜਮੀ ਹੋਵੇਗਾ ਅਤੇ ਸੀ.ਬੀ.ਐਸ.ਈ. ਨਵੀਂ ਦਿੱਲੀ ਅਜਿਹੇ ਸਕੂਲਾਂ ਵਿਚ ਪੰਜਾਬੀ ਦਾ ਇਮਤਿਹਾਨ ਲੈਣ ਦਾ ਉਪਰਾਲਾ ਲਾਜਮੀ ਕਰੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

3. ਸਕੂਲ ਮੈਨੇਜਮੈਂਟ, ਸਿੱਖਿਆ ਵਿਭਾਗ ਪੰਜਾਬ ਸਰਕਾਰ ਵਲੋਂ ਆਰ.ਟੀ.ਈ. ਐਕਟ, 2009 ਦੇ ਤਹਿਤ ਜਾਰੀ ਕੀਤੇ ਨੋਟੀਫਿਕੇਸ਼ਨਾਂ ਅਤੇ ਪੰਜਾਬ ਰਾਜ ਲਈ ਬਣਾਏ ਆਰ.ਟੀ.ਈ.ਐਕਟ, 2009 ਦੇ ਰੂਲਾਂ ਦੀ ਇੰਨ-ਬਿਨ ਪਾਲਣਾ ਕਰੇਗੀ।

4. ਸੀ.ਬੀ.ਐਸ.ਈ. ਨਵੀਂ ਦਿੱਲੀ ਦੀ ਐਫੀਲੀਏਸ਼ਨ ਲੈਣ ਉਪਰੰਤ ਸਕੂਲ ਦੀ ਮੈਨੇਜਮੈਂਟ

Principal
International Public Sr. Sec. School
Sandhu Nagar, Ludhiana
Affiliated to CBSE New Delhi
Aff. No. 1630721

ਸਕੂਲ ਦੇ ਟੀਚਿੰਗ ਸਟਾਫ ਅਤੇ ਨਾਨ ਟੀਚਿੰਗ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਵਾਂਗ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਊਂਟ ਪੇਈ ਚੈਕਾਂ ਰਾਹੀਂ ਦੇਣ ਲਈ ਵਚਨਬੱਧ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

5. ਤੁਸੀ ਖੁਦ ਤੇ ਤੁਹਾਡੀ ਮੈਨੇਜਮੈਂਟ ਇਹ ਵੀ ਯਕੀਨੀ ਬਣਾਏਗੀ ਕਿ ਤੁਹਾਡੇ ਜਿਲ੍ਹੇ ਦੇ ਸਿੱਖਿਆ ਅਫਸਰ ਵਲੋਂ ਜਾਂ ਸਿੱਖਿਆ ਵਿਭਾਗ ਦੇ ਕਿਸੇ ਸੀਨੀਅਰ ਅਧਿਕਾਰੀ ਵਲੋਂ ਜਦੋਂ ਵੀ ਕਿਸੇ ਤਰ੍ਹਾਂ ਦੀ ਸੂਚਨਾਂ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਸਨੂੰ ਲੋੜੀਂਦੀ ਸੂਚਨਾਂ ਉਪਲੱਬਧ ਕਰਵਾਈ ਜਾਵੇਗੀ ਅਤੇ ਨਾਲ ਹੀ ਲੋੜੀਂਦਾ ਸਹਿਯੋਗ ਵੀ ਦਿੱਤਾ ਜਾਵੇਗਾ।

ਵਧੀਕ ਸਕੱਤਰ ਸਕੂਲ ਸਿੱਖਿਆ

ਪਿਠ ਅੰ.ਨੰ: ਨੰ:3/69/2011-3ਸਿ3/ ਮਿਤੀ ਚੰਡੀਗੜ੍ਹ

ਉਤਾਰਾ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਮੀਮੋ ਨੰ: 15/42-2011 ਗ੍ਰਾਂਟ-1(4), ਮਿਤੀ 30.05.2011 ਦੇ ਹਵਾਲੇ ਵਿਚ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਕੂਲ ਦੀ ਹਰ ਪੰਜ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਇੰਸਪੈਕਸ਼ਨ ਹਰ ਹਾਲਤ ਵਿਚ ਕਰਵਾਈ ਜਾਵੇ ਅਤੇ ਇੰਸਪੈਕਸ਼ਨ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ ਤਾਂ ਜੋ ਇਹ ਪਤਾ ਲਗਦਾ ਰਹੇ ਕਿ ਸਬੰਧਤ ਸਕੂਲ, ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਦੀ ਇੰਨ-ਬਿਨ ਪਾਲਣਾ ਕਰਦਾ ਰਿਹਾ ਹੈ ਜਾਂ ਨਹੀਂ।

2. ਇੰਨਟਰਨੈਸ਼ਨਲ ਪਬਲਿਕ ਸਕੂਲ, ਸੰਧੂ ਨਗਰ, ਲੁਧਿਆਣਾ ਦੀ ਮਿਸਲ ਮੂਲ ਰੂਪ ਵਿਚ ਵਾਪਸ ਭੇਜੀ ਜਾਂਦੀ ਹੈ।

ਵਧੀਕ ਸਕੱਤਰ ਸਕੂਲ ਸਿੱਖਿਆ

Principal
International Public Sr. Sec. School
Sandhu Nagar, Ludhiana
Affiliated to CBSE New Delhi
Aff. No. 1630721